## ਬ੍ਰਹਮਚਾਰੀ ਜੱਥੇਦਾਰ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਆਪਣੀ ਪੁਸਤਕ 'ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ' ਵਿੱਚ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਉਸ ਵਕਤ ਦੇ ਮੁੱਖ ਪੁਜਾਰੀ ਜੀ ਭਾਈ ਜੋਗਿੰਦਰ ਸਿੰਘ ਜੀ ਨੇ 'ਜੱਥੇਦਾਰ ਬ੍ਰਹਮਚਾਰੀ' ਸਿਰਲੇਖ ਹੇਠ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦੇ ਜੱਥੇਦਾਰ ਜਾਂ ਮੁੱਖ ਪੁਜਾਰੀ ਦੇ ਬ੍ਰਹਮਚਾਰੀ ਹੋਣ ਬਾਰੇ ਆਪਣੇ ਵੀਚਾਰ ਪੰਨਾ ੧੩੭ ਤੋਂ ੧੫੨ ਤੀਕ ਕਾਫ਼ੀ ਵਿਸਥਾਰ ਨਾਲ ਦਿੱਤੇ ਹਨ। ਉਹਨਾਂ ਦਾ ਵੀਚਾਰ ਸੀ ਕਿ ਕੇਵਲ ਅਵਿਵਾਹਿਤ ਸਿੰਘ, ਜਿਸਨੂੰ ਉਹ 'ਬ੍ਰਹਮਚਾਰੀ' ਕਹਿੰਦੇ ਹਨ, ਹੀ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦਾ ਜੱਥੇਦਾਰ ਹੋਣਾ ਚਾਹੀਦਾ ਹੈ।

ਭਾਈ ਜੋਗਿੰਦਰ ਸਿੰਘ ਜੀ ਖ਼ੁਦ ਤਖ਼ਤ ਸਾਹਿਬ ਜੀ ਦੇ ਮੁੱਖ ਪੁਜਾਰੀ ਰਹੇ ਸਨ, ਇਸਲਈ ਉਹ ਜੱਥੇਦਾਰ ਜੀ ਦੇ ਬ੍ਰਹਮਚਾਰੀ ਹੋਣ ਦੇ ਕਾਰਣਾਂ ਬਾਰੇ ਜ਼ਿਆਦਾ ਸਪਸ਼ਟ ਤਰੀਕੇ ਨਾਲ ਦਸ ਸਕਣ ਦੇ ਯੋਗ ਸਨ। ਭਾਵ, ਉਹ ਉਨ੍ਹਾਂ ਸਾਰੇ ਕਾਰਣਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਜਿਨ੍ਹਾਂ ਕਰਕੇ ਤਖ਼ਤ ਸਾਹਿਬ ਜੀ ਦਾ ਜੱਥੇਦਾਰ ਕੇਵਲ ਅਵਿਵਾਹਿਤ ਸਿੰਘ ਨੂੰ ਹੀ ਬਣਾਇਆ ਜਾਂਦਾ ਹੈ। ਅਜਿਹੇ ਕਾਰਣਾਂ ਦੀ ਚਰਚਾ ਉਨ੍ਹਾਂ ਨੇ ਆਪਣੀ ਪੁਸਤਕ ਵਿੱਚ ਕੀਤੀ ਵੀ ਹੈ।

ਇਸ ਤੋਂ ਪਹਿਲਾਂ, ਕਿ ਅਸੀਂ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਵੱਲੋਂ ਦਿੱਤੇ ਕਾਰਣਾਂ ਦੀ ਵੀਚਾਰ ਕਰੀਏ, ਇੱਥੇ ਇਹ ਜਾਣ ਲੈਣਾ ਵੀ ਯੋਗ ਹੋਏਗਾ ਕਿ ਸਾਡੇ ਕੋਲ ਅਜਿਹੀ ਕੋਈ ਭਰੋਸੇਯੋਗ ਲਿਖਤੀ ਜਾਣਕਾਰੀ ਮੌਜੂਦ ਨਹੀਂ ਹੈ, ਜਿਸ ਤੋਂ ਅਸੀਂ ਇਹ ਨਿਸ਼ਚਿਤ ਕਰ ਸਕੀਏ ਕਿ ਹੁਣ ਤੱਕ ਕੇਵਲ ਅਵਿਵਾਹਿਤ ਸਿੰਘ ਹੀ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਜੱਥੇਦਾਰ ਨਿਯੁਕਤ ਹੁੰਦੇ ਆਏ ਹਨ ਜਾਂ ਨਹੀਂ।

ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਨੇ ਕੇਵਲ ਅਵਿਵਾਹਿਤ ਸਿੰਘ ਨੂੰ ਹੀ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਜੱਥੇਦਾਰ ਵਜੋਂ ਨਿਯੁਕਤ ਕਰਨ ਦੇ ਆਪਣੇ ਵੀਚਾਰ ਦੀ ਪ੍ਰੋੜ੍ਹਤਾ ਵਜੋਂ ਹੇਠ ਲਿਖੇ ਕਾਰਣ ਅਤੇ ਦਲੀਲਾਂ ਦਿੱਤੀਆਂ ਹਨ: -

੧). ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਵਿਆਹ ਨਾ ਕਰਨ ਦਾ ਹੁਕਮ ਦਿੱਤਾ ਸੀ।
੨). ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਛੇ ਜਤੀਆਂ ਬਾਰੇ ਜਾਣਕਾਰੀ ਦਿੱਤੀ ਸੀ।

੩). ਤ੍ਰੇਤਾ ਯੁਗ ਦੇ ਅਵਤਾਰ ਰਾਮ ਚੰਦਰ ਜੀ ਨਾਲ ਦੋ ਬ੍ਰਹਮਚਾਰੀ (ਲਛਮਣ ਤੇ ਹਨੁਮਾਨ) ਰਹਿੰਦੇ ਸਨ। ਦੁਆਪਰ ਯੁਗ ਦੇ ਅਵਤਾਰ ਕ੍ਰਿਸ਼ਨ ਜੀ ਦੇ ਵਕਤ ਭੀਸ਼ਮ ਪਿਤਾਮਾ ਬ੍ਰਹਮਚਾਰੀ ਹੋਏ ਹਨ। ਕਲਯੁਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੇਟੇ ਸ੍ਰੀਚੰਦ ਬ੍ਰਹਮਚਾਰੀ ਹੋਏ ਹਨ।

੪). ਜੇ ਗੁਰੂ ਨਾਨਕ ਦੇਵ ਜੀ ਬ੍ਰਹਮਚਾਰੀ ਰਹਿਣ ਦੇ ਵਿਰੁਧ ਹੁੰਦੇ, ਤਾਂ ਉਹ ਆਪਣੇ ਬੇਟੇ ਸ੍ਰੀਚੰਦ ਦਾ ਵਿਆਹ ਕਰਾ ਦਿੰਦੇ।

੫). ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ਼ਬਦ ਉਚਾਰਣ ਕੀਤਾ ਹੈ, "ਰੇ ਮਨ ਐਸੋ ਕਰ ਸੰਨਿਆਸਾ ॥"

੬). ਬ੍ਰਹਮਚਾਰੀ ਰਹਿਣਾ ਕਠਿਨ ਕੰਮ ਹੈ।

੭). ਅਜਿਹਾ ਸੁਣਨ ਵਿੱਚ ਆਇਆ ਹੈ ਕਿ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਆਦਿਕ ਬ੍ਰਹਮਚਾਰੀ ਸਨ। ਉਹ ਗ੍ਰਿਹਸਥੀ ਨਹੀਂ ਸਨ।

੮). ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦੇ ਮੁੱਖ ਪੁਜਾਰੀ ਜੀ ਨੂੰ ਹੋਰ ਕੰਮ (ਭਾਵ ਗ੍ਰਿਹਸਥ ਦੇ) ਕਰਨ ਦੀ ਫ਼ੁਰਸਤ ਨਹੀਂ ਹੈ।

ਹੁਣ ਅਸੀਂ ਇਨ੍ਹਾਂ ਕਾਰਣਾਂ ਜਾਂ ਦਲੀਲਾਂ ਦੀ ਸਿਲਸਿਲੇਵਾਰ ਵੀਚਾਰ ਕਰੀਏ : -

ਭਾਈ ਜੋਗਿੰਦਰ ਸਿੰਘ ਜੀ ਦੀ ਮੁੱਖ ਦਲੀਲ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਵਿਆਹ ਨਾ ਕਰਨ ਦਾ ਹੁਕਮ ਦਿੱਤਾ ਸੀ। ਇਹ ਹੁਕਮ ਇਸੇ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਦਿੱਤਾ ਗਿਆ ਸੀ। ਭਾਈ ਸਾਹਿਬ ਜੀ ਦਾ ਕਹਿਣਾ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਖ਼ਾਲਸੇ ਦਾ ਜੱਥੇਦਾਰ ਥਾਪਣ ਵਕਤ ਜੋ ਸਿੱਖਿਆ ਦਿੱਤੀ ਗਈ ਸੀ, ਉਸ ਸਿੱਖਿਆ ਉਤੈ ਚਲਣ ਵਾਲਾ ਗੁਰਸਿੱਖ ਹੀ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਮੁੱਖ ਪੁਜਾਰੀ ਜਾਂ ਜੱਥੇਦਾਰ ਵਜੋਂ ਚੁਣਿਆ ਜਾਂਦਾ ਹੈ।

ਗੁਰੂ ਸਾਹਿਬ ਜੀ ਵੱਲੋਂ ਬਾਬਾ ਬੰਦਾ ਸਿੰਘ ਜੀ ਨੂੰ ਵਿਆਹ ਨਾ ਕਰਾਉਣ ਦੇ ਹੁਕਮ ਦੇ ਪ੍ਰਮਾਣ ਵਜੋਂ ਭਾਈ ਜੋਗਿੰਦਰ ਸਿੰਘ ਜੀ ਨੇ ਗਿਆਨੀ ਕਰਤਾਰ ਸਿੰਘ ਦੀ ਕਵਿਤਾ ਦੀ ਇੱਕ ਪੰਕਤੀ ਇਸ ਪ੍ਰਕਾਰ ਲਿੱਖੀ ਹੈ : -

> "ਜਤੀ ਸਤੀ ਰਹੀਂ, ਪਾਲੀਂ ਜੋਗ ਭਾਈ, ਲਈ ਭੁੱਲ ਵਿਆਹ ਨਾ ਨਾਰ ਬੰਦੇ।"

ਭਾਈ ਸਾਹਿਬ ਜੋਗਿੰਦਰ ਸਿੰਘ ਜੀ ਨੇ ਇੱਕ ਨਵੀਨ ਲੇਖਕ ਦੀ ਰਚਨਾ ਵਿੱਚੋਂ ਹੀ ਹਵਾਲਾ ਦਿੱਤਾ ਹੈ। ਬਿਹਤਰ ਹੁੰਦਾ, ਜੇ ਉਹ ਕਿਸੇ ਪੁਰਾਣੇ ਲੇਖਕ ਦੀ ਲਿਖਤ ਦਾ ਹਵਾਲਾ ਵਰਤਦੇ, ਕਿਉਂਕਿ ਪੁਰਾਣੀਆਂ ਲਿਖਤਾਂ ਮੌਜੂਦ ਹਨ। ਕੇਸਰ ਸਿੰਘ ਛਿੱਬਰ ਇੱਕ ਅਜਿਹਾ ਲੇਖਕ ਹੈ, ਜੋ ਬਾਬਾ ਬੰਦਾ ਸਿੰਘ ਬਹਾਦੁਰ ਜੀ ਦਾ ਸਮਕਾਲੀ ਸੀ। ਆਪਣੀ ਪੁਸਤਕ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਕੇਸਰ ਸਿੰਘ ਛਿੱਬਰ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕਰਦਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਵਿਆਹ ਨਾ ਕਰਨ ਦਾ ਹੁਕਮ ਦਿੱਤਾ ਸੀ।

ਭਾਈ ਜੋਗਿੰਦਰ ਸਿੰਘ ਜੀ ਦੀ ਇਹ ਦਲੀਲ, ਕਿ ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਜੀ ਨੂੰ ਵਿਆਹ ਨਾ ਕਰਨ ਦਾ ਹੁਕਮ ਦਿੱਤਾ ਸੀ, ਇਸ ਲਈ ਵੀ ਮਹੱਤਵਹੀਣ ਹੈ, ਕਿਉਂਕਿ ਬਾਬਾ ਬੰਦਾ ਸਿੰਘ ਬਹਾਦੁਰ ਜੀ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਜੱਥੇਦਾਰ ਨਹੀਂ ਸੀ ਥਾਪੇ ਗਏ । ਬਾਬਾ ਬੰਦਾ ਸਿੰਘ ਜੀ ਨੇ ਕਦੇ ਵੀ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੀ ਸੇਵਾ ਨਹੀਂ ਕੀਤੀ । ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਅੰਗੀਠਾ ਸਾਹਿਬ ਜੀ ਦੀ ਸੇਵਾ ਦੀ ਜ਼ਿੰਮੇਵਾਰੀ ਭਾਈ ਸੰਤੋਖ ਸਿੰਘ ਜੀ ਨੂੰ ਦਿੱਤੀ ਸੀ । ਖ਼ੁਦ ਭਾਈ ਜੋਗਿੰਦਰ ਸਿੰਘ ਇਸ ਗੱਲ ਨਾਲ ਸਹਿਮਤੀ ਰੱਖਦੇ ਹਨ ਕਿ ਭਾਈ ਸੰਤੋਖ ਸਿੰਘ ਜੀ ਹੀ ਤਖ਼ਤ ਸਾਹਿਬ ਜੀ ਦੇ ਪਹਿਲੇ ਪੁਜਾਰੀ ਸਨ ।

ਇਸਤਰ੍ਹਾਂ, ਅਵਿਵਾਹਿਤ ਜੱਥੇਦਾਰ ਦੇ ਹੱਕ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਜੀ ਦਾ ਹਵਾਲਾ ਦੇਣਾ ਬਿਲਕੁਲ ਤਰਕਹੀਣ ਹੈ ।

ਆਪਣੇ ਵੀਚਾਰ ਦੀ ਪ੍ਰੋੜ੍ਹਤਾ ਵਿੱਚ ਭਾਈ ਸਾਹਿਬ ਜੋਗਿੰਦਰ ਸਿੰਘ ਜੀ ਨੇ ਇੱਕ ਦਲੀਲ ਇਹ ਦਿੱਤੀ ਹੈ ਕਿ ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਛੇ ਜਤੀਆਂ ਬਾਰੇ ਜਾਣਕਾਰੀ ਦਿੱਤੀ ਸੀ ।

ਭਾਈ ਮਰਦਾਨਾ ਜੀ ਨੂੰ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਹੀ ਦੇਣੀ ਸੀ । ਭਲਾ ਗੁਰੂ ਨਾਨਕ ਦੇਵ ਜੀ ਤੋਂ ਜ਼ਿਆਦਾ ਜਾਣਕਾਰੀ ਹੋਰ ਹੋ ਵੀ ਕਿਸ ਕੋਲ ਸਕਦੀ ਸੀ ? ਪਰ ਜਾਣਕਾਰੀ ਦੇਣ ਦਾ ਮਤਲਬ ਇਹ ਵੀ ਤਾਂ ਨਹੀਂ ਕਿ ਗੁਰੂ ਸਾਹਿਬ ਉਹਨਾਂ ਜਤੀਆਂ ਦੀ ਵੀਚਾਰਧਾਰਾ ਦੀ ਪ੍ਰੋੜ੍ਹਤਾ ਕਰ ਰਹੇ ਸਨ ।

ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਗੁਰੂ ਜੀ ਨੇ ਕੇਵਲ ਛੇ ਜਤੀਆਂ ਦੇ ਹੀ ਨਾਮ ਭਾਈ ਮਰਦਾਨਾ ਜੀ ਨੂੰ ਨਹੀਂ ਦੱਸੇ, ਬਲਕਿ ਨੌਂ ਨਾਥਾਂ ਤੇ ਚੌਰਾਸੀ ਸਿੱਧਾਂ ਦੇ ਨਾਮ ਵੀ ਗੁਰੂ ਜੀ ਨੇ ਗਿਣਾਏ ਸਨ : -

> ਤਾਂ ਗੁਰੂ ਨਾਨਕ ਜੀ ਕਹਿਆ, "ਸੁਣ ਮਰਦਾਨਾ, ਨਾਥਾਂ ਦੇ ਨਾਮ - ਗੋਰਖਨਾਥ ੧, ਮਛੰਦ੍ਰਨਾਥ ੨, ਚਰਪਟਨਾਥ ੩, ਮੰਗਲਨਾਥ ੪, ਘੁਘੂਨਾਥ ੫, ਗੋਪੀਨਾਥ ੬, ਪ੍ਰਾਣਕਾਨਾਥ ੭, ਸੁਰਤਨਾਥ ੮, ਚੰਬਾਨਾਥ ੯ ॥ ਸੁਣ ਮਰਦਾਨਾ ਏਹ ਨਉਂ ਨਾਥ ਹੈਨ । ਹੋਰ ਨਾਥ ਆਖਣ ਨੂੰ ਬਹੁਤੇਰੇ ਹੈਨ ।" ਤਾਂ ਫੇਰ ਮਰਦਾਨੇ ਆਖਿਆ, "ਜੀ, ਛਿਅ ਜਤੀ ਕੇਹੜੇ ਹੈਨ, ਤਾਂ ਗੁਰੂ ਨਾਨਕ ਜੀ ਆਖਿਆ, "ਸੁਣ ਮਰਦਾਨਾ, ਪ੍ਰਿਥਮ ਗੋਰਖ ਜਤੀ ਹੈ ੧, ਦੂਜੇ ਦੱਤ ਜਤੀ ੨, ਤੀਸਰਾ ਹਨਵੰਤ ਜਤੀ ੩, ਚਉਥੇ ਭੈਰੋਂ ਜਤੀ ੪, ਪੰਜਵਾਂ ਲਛਮਨ ਜਤੀ ੫, ਛੇਵਾਂ ਭੀਖਮ ਜਤੀ ੬ । ਸੁਣ ਮਰਦਾਨਾ ਏਹ ਛੇਅ ਜਤੀ ਹੈਨ । ਹੋਰ ਆਖਨ ਨੂੰ ਬਹੁਤੇਰੇ ਹੈਂ", ਤਾਂ ਮਰਦਾਨੇ ਆਖਿਆ,

> "ਜੀ ਚਉਰਾਸੀ ਸਿੱਧ ਕਹੀਦੇ ਹੈਨ। ਸੋ ਕੇਹੜੇ ਹੈਨ ?" ਤਾਂ ਗੁਰੂ ਨਾਨਕ ਜੀ ਆਖਿਆ, "ਮਰਦਾਨਾ ਸੁਣ ॥ ਭੰਗਰ ੧, ਸੰਗਰ ੨, ਲੰਗਰ ੩, ਝੰਗਰ ੪, ਊਰਮ ੫, ਧੂਰਮ ੬, ਕਨੀਫਾ ੭, ਹਨੀਫਾ ੮, ਲਹੁਰੀਪਾ ੯, ਸਾਗਰ ੧੦, ਮੰਗਰ ੧੧, ਰਾਜੀਰਤਨ ੧੨, ਪੂਰਨਨਾਸਕਾ ੧੩, ਬਿਬਾਲਕਾ ੧੪, ਜਾਲਕਾ ੧੫, ਖਿੰਧੜਾ ੧੬, ਨਿਰਤਾ ੧੭, ਸੁਰਤਾ ੧੮, ਕੇਵਲਕਰਨ ੧੯, ਸਿਮਤਾ ੨੦, ਗਵਨਗਲ ੨੧, ਅਸਰਨਿਧ ੨੨, ਚਤਰਬੈਨ ੨੩, ਰਾਉਐਨ ੨੪, ਮੇਲਕਰਨ ੨੫, ਅਉਗੜ ੨੬, ਪਰਬਤ ੨੭, ਈਸਰ ੨੮, ਭਰਥਰੀ ੨੯, ਭੂਤਵੇ ੩੦, ਕਰਨਸੰ ੩੧, ਸ਼ੰਭੂ ੩੨, ਪਲਕਨਿਧ ੩੩, ਅੱਛਰਦੈਨ ੩੪, ਪਿਪਲਕਾ ੩੫, ਸੋਰਮਾ ੩੬, ਗਿਰਬੋਧ ੩੭, ਸਾਲਕਾ ੩੮, ਕੇਸਰਕਰਨ ੩੯, ਗੈਲਸਾ ੪੦, ਅਗਨਿਧਾਰ ੪੧, ਮੁਕਤੀਸਰ ੪੨, ਚਲਨਨਾਚਤੋ ੪੩, ਸੂਰਐਨ ੪੪, ਸਿੱਧਸੈਨ ੪੫, ਗਿਰਵਰ ੪੬, ਜੋਤਲਗਨੀ ੪੭, ਗੋਤਮਗਨੀ ੪੮, ਬਿਮਲਜੋਤ ੪੯, ਸੀਤਲਜਲ ੫੦, ਅਘਰਘਰ ੫੧, ਤੁਲਸਜੋਰ ੫੨, ਪ੍ਰਤਪਾਨ ੫੩, ਅਕਾਰਨਿਰ ੫੪, ਭੋਲਸਾਰ ੫੫, ਰਾਮਕੁਆਰ ੫੬, ਕ੍ਰਿਸ਼ਨਕੁਆਰ ੫੭, ਬਿਸਨਪਤਿ ੫੮, ਸੰਕਰਜੋਗ ੫੯, ਬ੍ਰਹਮਜੋਗ ੬੦, ਮੀਰਹੁਸੈਨ ੬੧, ਨੀਰਜੰਬੀਲ ੬੨, ਕਲੰਦਰਨੈਨ ੬੩, ਨਲਿੰਦ੍ਰਨੈਨ ੬੪, ਸੁਰਸਤੀ ੬੫, ਗੁਵਰਧਨ ੬੬, ਗੁਫ਼ਾਲਾਸ਼ੀ ੬੭, ਅਕਲਨਾਸ਼ੀ ੬੮, ਕਲਕਸਗੀ ੬੯, ਏਕਰੰਗੀ ੭੦, ਕੇਵਲਕਰਮੀ ੭੧, ਕਰਮਨਾਸੀ ੭੨, ਕੁਲਬਿਬਾਸੀ ੭੩, ਮੂਲਮੰਤ੍ਰੀ ੭੪, ਜੋਗਦੰਤੀ ੭੫, ਜੋਗਹਰੇ ੭੬, ਈਸਰਪ੍ਰੰਗੀ ੭੭, ਆਪਰੂਪੀ ੭੮, ਕਲੇਸ਼ਰੂਪ ੭੯, ਰਹੀਮਜੋਗੀ ੮੦, ਖਲਾਸ ਮੁਗਲੀ ੮੧, ਕਿਦਾਰ ਜੋਗੀ ੮੨, ਸੰਭਾਲਕਾ ਕਹੀਐ ੮੩, ਜੋਗੀ ਬਚਿਤ੍ਰ ਕਹੀਐ ੮੪। ਸੁਣ ਮਰਦਾਨਾ, ਏਹ ਚੁਰਾਸੀ ਸਿੱਧਾਂ ਦੇ ਨਾਉਂ ਹੈਂ।"[੧]

ਜੇ ਗੁਰੂ ਸਾਹਿਬ ਜੀ ਵੱਲੋਂ ਭਾਈ ਮਰਦਾਨਾ ਜੀ ਨੂੰ ਛੇ ਜਤੀਆਂ ਦੇ ਨਾਮ ਦੱਸਣ ਦਾ ਇਹ ਭਾਵ ਲਿਆ ਜਾਏ ਕਿ ਗੁਰੂ ਸਾਹਿਬ ਜਤੀ (ਅਣ-ਵਿਆਹੇ) ਰਹਿਣ ਦੇ ਹੱਕ ਵਿੱਚ ਸਨ, ਤਾਂ ਉਸੇ ਸਾਖੀ ਵਿੱਚ ਗੁਰੂ ਸਾਹਿਬ ਜੀ ਵੱਲੋਂ ਨੌਂ ਨਾਥਾਂ ਤੇ ੮੪ ਸਿੱਧਾਂ ਦੇ ਨਾਮ ਦੱਸਣ ਤੋਂ ਅਸੀਂ ਕੀ ਭਾਵ ਲਵਾਂਗੇ ?

---

[੧] ਜਨਮਸਾਖੀ ਭਾਈ ਬਾਲੇ ਵਾਲੀ, ਪੰਨਾ ੨੬੫, ਪ੍ਰਕਾਸ਼ਕ : ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ।

ਆਪਣੀ ਪੁਸਤਕ ਵਿੱਚ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਲਿੱਖਦੇ ਹਨ, "ਗੁਰੂ ਸਾਹਿਬ ਨੇ ਏਨ੍ਹਾਂ ਛੇ ਜਤੀਆਂ ਦਾ ਖੰਡਨ ਕਿਉਂ ਨਹੀਂ ਕੀਤਾ ?" ਗੁਰਬਾਣੀ ਨੇ ਸਪਸ਼ਟ ਰੂਪ ਵਿੱਚ ਆਖਿਆ ਹੈ ਕਿ ਛੇ ਜਤੀ ਮਾਇਆ ਦੇ ਗ਼ੁਲਾਮ ਹਨ : -

ਛਿਅ ਜਤੀ ਮਾਇਆ ਕੇ ਬੰਦਾ ॥ [2]

ਛੇ ਜਤੀਆਂ ਨੂੰ 'ਮਾਇਆ ਕੇ ਬੰਦਾ' ਕਹਿਣਾ ਉਨ੍ਹਾਂ ਦਾ ਖੰਡਨ ਕਰਨਾ ਹੀ ਹੈ । ਭਲਾ ਮਾਇਆ ਦਾ ਗ਼ੁਲਾਮ ਕੋਈ ਵਿਅਕਤੀ ਕਿਸੇ ਗੁਰਸਿੱਖ ਦਾ ਆਦਰਸ਼ ਕਿਵੇਂ ਹੋ ਸਕਦਾ ਹੈ ? ਜਤੀਆਂ ਬਾਰੇ ਗੁਰਮਤਿ ਦੇ ਵੀਚਾਰਾਂ ਬਾਰੇ ਭਾਈ ਸਾਹਿਬ ਗੁਰਦਾਸ ਜੀ ਨੇ ਤਾਂ ਕੋਈ ਸ਼ੰਕਾ ਹੀ ਨਹੀਂ ਰਹਿਣ ਦਿੱਤਾ, ਜਦੋਂ ਉਨ੍ਹਾਂ ਨੇ ਲਿੱਖਿਆ : -

ਗੋਰਖ ਜਤੀ ਸਦਾਇੰਦਾ ਤਿਸੁ ਗੁਰੁ ਘਰਿਬਾਰੀ ।
ਸੁਕਰ ਕਾਣਾ ਹੋਇਆ ਮੰਤੀ ਅਵਿਚਾਰੀ ।
ਲਖਮਣ ਸਾਧੀ ਭੁਖ ਤੇਹ ਹਉਮੈ ਅਹੰਕਾਰੀ ।
ਹਨੂੰਮਤ ਬਲਵੰਤ ਆਖੀਐ ਚੰਚਲ ਮਤਿ ਖਾਰੀ ।
ਭੈਰਉ ਭੂਤ ਕੁਸੂਤ ਸੰਗਿ ਦੁਰਮਤਿ ਉਰਧਾਰੀ ।
ਗੁਰਸਿਖ ਜਤੀ ਸਲਾਹੀਅਨਿ ਜਿਨਿ ਹਉਮੈ ਮਾਰੀ ॥੭॥ (ਵਾਰ ੩੮) ।

ਅਜਿਹੇ ਜਤੀ, ਸਤੀ ਤੇ ਸੰਤੋਖੀ ਤਾਂ ਗੁਰਸਿੱਖ ਦੇ ਵਾਲ ਦੇ ਬਰਾਬਰ ਵੀ ਨਹੀਂ ਪੁੱਜ ਸਕਦੇ : -

ਜਤੀ ਸਤੀ ਸੰਤੋਖੀਆ ਹਉਮੈ ਗਰਬਾਣਾ ।
ਗੁਰਸਿਖ ਰੋਮ ਨ ਪੁਜਨੀ ਬਹੁ ਮਾਣੁ ਨਿਮਾਣਾ ॥੮॥ (ਵਾਰ ੩੮) ।

ਇੰਨਾ ਹੀ ਨਹੀਂ, ਛੇ ਜਤੀਆਂ ਦੇ ਜ਼ਿਕਰ ਵਾਲੀ ਗੁਰੂ ਨਾਨਕ ਦੇਵ ਜੀ ਦੀ ਸਾਖੀ ਵੀ ਬ੍ਰਹਮਚਾਰੀ ਜੱਥੇਦਾਰ ਦੇ ਵੀਚਾਰ ਦੀ ਪ੍ਰੋੜਤਾ ਕਰਨ ਦੀ ਬਜਾਇ ਖੰਡਨ ਹੀ ਕਰਦੀ ਹੈ । ਖ਼ੁਦ ਭਾਈ ਜੋਗਿੰਦਰ ਸਿੰਘ ਜੀ ਨੇ ਛੇ ਜਤੀਆਂ ਦੇ ਨਾਮ ਇਸ ਪ੍ਰਕਾਰ ਲਿਖੇ ਹਨ : -

੧). ਗੋਰਖ, ੨). ਦੱਤ ਜੀ, ੩). ਹਨੁਮੰਤ, ੪). ਭੈਰੋਂ, ੫). ਲਛਮਨ, ੬). ਭੀਖਮ ।

---

[2] ਰਾਗ ਭੈਰਉ, ਭਗਤ ਕਬੀਰ ਜੀ, ਪੰਨਾ ੧੧੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਭਾਰਤੀ ਗ੍ਰੰਥਾਂ ਦੀ ਜਾਣਕਾਰੀ ਰੱਖਣ ਵਾਲਾ ਜਾਣਦਾ ਹੈ ਕਿ ਰਾਮ ਚੰਦਰ ਜੀ ਦਾ ਭਰਾ ਲਛਮਣ (ਲਕ੍ਸ਼ਮਣ) ਸ਼ਾਦੀ-ਸ਼ੁਦਾ ਵਿਅਕਤੀ ਸੀ। ਉਹਨਾਂ ਦਾ ਵਿਆਹ ਸੀਤਾ ਜੀ ਦੀ ਛੋਟੀ ਭੈਣ ਉਰਮਿਲਾ ਨਾਲ ਹੋਇਆ ਸੀ। 'ਰਾਮ ਚਰਿਤ ਮਾਨਸ' ਵਿੱਚ ਤੁਲਸੀ ਦਾਸ ਲਿਖਦੇ ਹਨ : -

ਜਾਨਕੀ ਲਘੁ ਭਗਿਨੀ ਸਕਲ ਸੁੰਦਰਿ ਸਿਰੋਮਨਿ ਜਾਨਿ ਕੈ।
ਸੋ ਤਨਯ ਦੀਨਹੀ ਬਯਾਹਿ ਲਖਨਹਿ ਸਕਲ ਬਿਧਿ ਸਨਮਾਨਿ ਕੈ।[3]

ਭਾਵ, ਜਾਨਕੀ (ਸੀਤਾ) ਦੀ ਛੋਟੀ ਭੈਣ ਨੂੰ ਸਭ ਸੁੰਦਰੀਆਂ ਵਿੱਚੋਂ ਸ਼ਿਰੋਮਣੀ ਸਮਝ ਕੇ ਸਾਰੇ ਪ੍ਰਕਾਰ ਨਾਲ ਸਨਮਾਨ ਕਰ ਕੇ ਬੇਟੀ ਲਛਮਣ ਨੂੰ ਵਿਆਹ ਦਿੱਤੀ।

ਜੇ ਲਛਮਣ ਨੂੰ ਹੀ ਵਿਆਹ ਦੇ ਸੰਬੰਧ ਵਿੱਚ ਆਦਰਸ਼ ਮੰਨਣਾ ਹੈ, ਤਾਂ ਫਿਰ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦਾ ਜੱਥੇਦਾਰ ਸ਼ਾਦੀ-ਸ਼ੁਦਾ ਹੀ ਹੋਣਾ ਚਾਹੀਦਾ ਹੈ, ਕਿਉਂਕਿ ਲਛਮਣ ਖ਼ੁਦ ਵੀ ਸ਼ਾਦੀ-ਸ਼ੁਦਾ, ਬਾਲ-ਬੱਚੇਦਾਰ ਸੀ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਭਾਈ ਜੋਗਿੰਦਰ ਸਿੰਘ ਜੀ ਦੀ ਛੇ ਜਤੀਆਂ ਵਾਲੀ ਦਲੀਲ ਉਨ੍ਹਾਂ ਦੀ ਅਧੂਰੀ ਜਾਣਕਾਰੀ ਹੀ ਦਰਸਾਉਂਦੀ ਹੈ।

ਛੇ ਜਤੀਆਂ ਵਾਲੀ ਦਲੀਲ ਦੇ ਨਾਲ ਹੀ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਨੇ ਇੱਕ ਹੋਰ ਦਲੀਲ ਦਿੱਤੀ ਹੈ, ਜਿਸ ਅਨੁਸਾਰ ਤ੍ਰੇਤਾ ਯੁਗ ਦੇ ਅਵਤਾਰ ਰਾਮ ਚੰਦਰ ਜੀ ਨਾਲ ਦੋ ਬ੍ਰਹਮਚਾਰੀ (ਲਛਮਣ ਤੇ ਹਨੂਮਾਨ) ਰਹਿੰਦੇ ਸਨ। ਦੁਆਪਰ ਯੁਗ ਦੇ ਅਵਤਾਰ ਕ੍ਰਿਸ਼ਨ ਜੀ ਦੇ ਵਕਤ ਭੀਸ਼ਮ ਪਿਤਾਮਾ ਬ੍ਰਹਮਚਾਰੀ ਹੋਏ ਹਨ। ਕਲਯੁਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੇਟੇ ਸ੍ਰੀਚੰਦ ਬ੍ਰਹਮਚਾਰੀ ਹੋਏ ਹਨ।

ਰਾਮ ਚੰਦਰ ਜੀ ਅਤੇ ਕ੍ਰਿਸ਼ਨ ਜੀ ਦੇ ਨਾਲ ਕੌਣ-ਕੌਣ ਰਹਿੰਦਾ ਸੀ ਜਾਂ ਉਨ੍ਹਾਂ ਦੇ ਸਮਕਾਲੀ ਕਿਹੜੇ-ਕਿਹੜੇ ਬ੍ਰਹਮਚਾਰੀ ਹੋਏ ਸਨ, ਇਸ ਗੱਲ ਦਾ ਸਿੱਖਾਂ ਦੇ ਕਿਸੇ ਤਖ਼ਤ ਸਾਹਿਬ ਨਾਲ ਕੋਈ ਸੰਬੰਧ ਨਹੀਂ ਹੋ ਸਕਦਾ। ਕ੍ਰਿਸ਼ਨ ਜੀ ਦੇ ਨਾਲ ਤਾਂ ਗੋਪੀਆਂ ਦੇ ਰਹਿਣ ਦਾ ਵੀ ਜ਼ਿਕਰ ਆਇਆ ਹੈ। ਭਲਾ, ਗੋਪੀਆਂ ਦਾ ਤਖ਼ਤ ਸਾਹਿਬ ਨਾਲ ਕੋਈ ਸੰਬੰਧ ਜੋੜਿਆ ਜਾ ਸਕਦਾ ਹੈ ? ਇਸੇ ਤਰ੍ਹਾਂ ਹੀ, ਕਿਸੇ ਅਵਤਾਰ ਦੇ ਸਮੇਂ ਕਿਸੇ ਬ੍ਰਹਮਚਾਰੀ ਦੇ ਹੋਣ ਦਾ ਸੰਬੰਧ ਤਖ਼ਤ ਸਾਹਿਬਾਨ ਨਾਲ ਨਹੀਂ ਜੋੜਿਆ ਜਾ ਸਕਦਾ।

[3] ਰਾਮ ਚਰਿਤ ਮਾਨਸ, ਬਾਲ ਕਾਂਡ, ਪੰਨਾ ੨੪੩, ਸ੍ਰੀ ਦੁਰਗਾ ਪੁਸਤਕ ਭੰਡਾਰ, ਬੰਬਈ ਐਡੀਸ਼ਨ।

ਉਪਰ ਇਸ ਗੱਲ ਦਾ ਜ਼ਿਕਰ ਕਰ ਦਿੱਤਾ ਗਿਆ ਹੈ ਕਿ ਲਛਮਣ ਸ਼ਾਦੀ-ਸ਼ੁਦਾ ਸੀ, ਨਾ ਕਿ ਅਵਿਵਾਹਿਤ। ਜਿੱਥੋਂ ਤਕ ਕ੍ਰਿਸ਼ਨ ਜੀ ਤੇ ਭੀਸ਼ਮ ਦੀ ਗੱਲ ਹੈ, ਕ੍ਰਿਸ਼ਨ ਜੀ ਨੇ ਤਾਂ ਭੀਸ਼ਮ ਪਿਤਾਮਾ ਤੇ ਕਰਣ ਨੂੰ ਤਿਆਗ ਕੇ ਵਿਦੁਰ ਦੇ ਘਰ ਜਾਣਾ ਪਸੰਦ ਕੀਤਾ ਸੀ। ਦੇਖੋ, ਭਾਈ ਸਾਹਿਬ ਗੁਰਦਾਸ ਜੀ ਇਸ ਗੱਲ ਦਾ ਵਰਣਨ ਕਿੰਨੇ ਖ਼ੂਬਸੂਰਤ ਢੰਗ ਨਾਲ ਕਰਦੇ ਹਨ : -

ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।
ਘਰਿ ਅਸਾੜੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।
ਭੀਖਮੁ, ਦ੍ਰੋਣ, ਕਰਣ ਤਜਿ, ਸਭਾ ਸੀਗਾਰ ਵਡੇ ਮਾਨੁਖਾ।
ਝੁੰਗੀ ਜਾਇ ਵਲਾਇਓਨੁ, ਸਭਨਾ ਦੇ ਜੀਅ ਅੰਦਰਿ ਧੁਖਾ।
ਹਸਿ ਬੋਲੈ ਭਗਵਾਨ ਜੀ, ਸੁਣਿਹੋ ਰਾਜਾ ਹੋਇ ਸਨਮੁਖਾ।
ਤੇਰੇ ਭਾਉ ਨ ਦਿਸਈ, ਮੇਰੇ ਨਾਹੀ ਅਪਦਾ ਦੁਖਾ।
ਭਾਉ ਜਿਵੇਹਾ ਬਿਦਰ ਦੇ, ਹੋਰੀ ਦੇ ਚਿਤਿ ਚਾਉ ਨ ਚੁਖਾ।
ਗੋਬਿੰਦ ਭਾਉ ਭਗਤਿ ਦਾ ਭੁਖਾ ॥੭॥ (ਵਾਰ ੧੦)।

ਕ੍ਰਿਸ਼ਨ ਜੀ ਤਾਂ ਭੀਸ਼ਮ ਨੂੰ ਵੀ ਛੱਡ ਕੇ ਵਿਦੁਰ ਦੇ ਘਰ ਗਏ ਸਨ। ਭੀਸ਼ਮ ਦੇ ਬ੍ਰਹਮਚਾਰੀ ਹੋਣ ਦਾ ਕ੍ਰਿਸ਼ਨ ਜੀ ਉਪਰ ਕੋਈ ਹਾਂ-ਪੱਖੀ ਪ੍ਰਭਾਵ ਨਹੀਂ ਪਿਆ।

ਜਿੱਥੋਂ ਤਕ ਗੁਰੂ ਨਾਨਕ ਦੇਵ ਜੀ ਦੇ ਵਡੇ ਬੇਟੇ ਸ੍ਰੀ ਚੰਦ ਦੀ ਗੱਲ ਹੈ, ਭਾਈ ਸਾਹਿਬ ਜੋਗਿੰਦਰ ਸਿੰਘ ਜੀ ਦੀ ਇਹ ਦਲੀਲ ਵੀ ਵਜ਼ਨਦਾਰ ਨਹੀਂ ਹੈ। ਸ੍ਰੀ ਚੰਦ ਬਾਰੇ ਭਾਈ ਸਾਹਿਬ ਗੁਰਦਾਸ ਜੀ ਨੇ ਇਸ ਪ੍ਰਕਾਰ ਜਾਣਕਾਰੀ ਦਿੱਤੀ ਹੈ : -

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।
ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ।
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।
ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ।
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਪੁਤਾਂ ਭਉਕਾਇਆ।
ਚੰਦਨ ਵਾਸੁ ਬੋਹਾਇਆ ॥੩੩॥ (ਵਾਰ ੨੬)।

ਇਸ ਪਉੜੀ ਵਿੱਚ ਭਾਈ ਸਾਹਿਬ ਗੁਰਦਾਸ ਜੀ ਨੇ ਸ੍ਰੀ ਚੰਦ ਨੂੰ ਗੁਰੂ ਸਾਹਿਬਾਨ ਦੇ ਉਨ੍ਹਾਂ ਪੁਤਰਾਂ ਵਿੱਚ ਗਿਣਿਆ ਹੈ, ਜਿਨ੍ਹਾਂ ਨੇ ਗੁਰੂ ਦੀ ਆਗਿਆ ਨਹੀਂ ਮੰਨੀ। ਗੁਰੂ ਨਾਨਕ ਦੇਵ ਜੀ ਦੇ ਹੁਕਮ ਨੂੰ ਨਾ ਮੰਨਣ ਵਾਲੇ ਉਨ੍ਹਾਂ ਦੇ ਬੇਟਿਆਂ ਨੂੰ ਭਾਈ ਗੁਰਦਾਸ ਜੀ ਨੇ ਮਨ ਦੇ ਖੋਟੇ ਅਤੇ ਆਕੀ ਤਕ ਆਖਿਆ ਹੈ : -

ਪੁਤਰੀਂ ਕਉਲੁ ਨ ਪਾਲਿਆ, ਮਨਿ ਖੋਟੇ, ਆਕੀ, ਨਸਿਆਰਾ ।[8]

ਜਦੋਂ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ, ਤਾਂ ਸ੍ਰੀ ਚੰਦ ਨੂੰ ਹੁਕਮ ਕੀਤਾ ਸੀ ਕਿ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕੋ । ਇਤਿਹਾਸ ਸਪਸ਼ਟ ਰੂਪ ਵਿੱਚ ਕਹਿੰਦਾ ਹੈ ਕਿ ਸ੍ਰੀ ਚੰਦ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਦਾ ਪਾਲਣ ਨਹੀਂ ਸੀ ਕੀਤਾ । ਜੇ ਸ੍ਰੀ ਚੰਦ ਨੇ ਵਿਆਹ ਨਹੀਂ ਕੀਤਾ, ਤਾਂ ਇਸ ਵਿੱਚ ਗੁਰੂ ਨਾਨਕ ਦੇਵ ਜੀ ਦੀ ਸਹਿਮਤੀ ਨਹੀਂ ਮੰਨੀ ਜਾ ਸਕਦੀ । ਇਤਿਹਾਸ ਅਨੁਸਾਰ ਸ੍ਰੀਚੰਦ ਆਪਣੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਿਆਕਾਰੀ ਨਹੀਂ ਸੀ, ਇਸਲਈ ਭਾਈ ਜੋਗਿੰਦਰ ਸਿੰਘ ਜੀ ਦੀ ਇਹ ਦਲੀਲ ਵੀ ਕੋਈ ਮਾਅਨੇ ਨਹੀਂ ਰੱਖਦੀ ਕਿ ਜੇ ਗੁਰੂ ਨਾਨਕ ਦੇਵ ਜੀ ਬ੍ਰਹਮਚਾਰੀ ਰਹਿਣ ਦੇ ਵਿਰੁਧ ਹੁੰਦੇ, ਤਾਂ ਉਹ ਆਪਣੇ ਬੇਟੇ ਸ੍ਰੀਚੰਦ ਦਾ ਵਿਆਹ ਕਰਾ ਦਿੰਦੇ । ਗੁਰੂ ਨਾਨਕ ਦੇਵ ਜੀ ਦੀ ਆਗਿਆ ਦਾ ਪਾਲਨ ਨਾ ਕਰਨ ਵਾਲਾ ਕੋਈ ਵਿਅਕਤੀ ਗੁਰਸਿੱਖਾਂ ਦਾ ਆਦਰਸ਼ ਹੋ ਹੀ ਨਹੀਂ ਸਕਦਾ, ਭਾਂਵੇਂ ਉਹ ਗੁਰੂ ਸਾਹਿਬ ਦਾ ਬੇਟਾ ਹੀ ਕਿਉਂ ਨਾ ਹੋਏ ।

ਆਪਣੇ ਵੀਚਾਰਾਂ ਦੀ ਪ੍ਰੋੜ੍ਹਤਾ ਵਜੋਂ ਸਿੰਘ ਸਾਹਿਬ ਜੀ ਨੇ ਇਸ ਸ਼ਬਦ ਦਾ ਹਵਾਲਾ ਦਿੱਤਾ ਹੈ : -

ਰਾਗ ਰਾਮਕਲੀ ਪਾਤਸ਼ਾਹੀ ੧੦
ਰੇ ਮਨ ਐਸੋ ਕਰਿ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥੧॥ ਰਹਾਉ ॥
ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖੁਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥੧॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹਵੈਬੋ ਤ੍ਰਿਗੁਣ ਅਤੀਤ ॥੨॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਮੋ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖੁ ਕਹ ਪਾਵੈ ॥੩॥੧॥

ਇਸ ਸ਼ਬਦ ਦੀ ਇਸ ਪੰਕਤੀ 'ਬਨ ਸੇ ਸਦਨ ਸਬੈ ਕਰ ਸਮਝਹੁ ' ਦਾ ਅਰਥ ਸਿੰਘ ਸਾਹਿਬ ਜੀ ਇਸ ਪ੍ਰਕਾਰ ਕਰਦੇ ਹਨ, "ਜੋ ਭੀ ਦਿਸ ਰਿਹਾ ਹੈ, ਉਹ ਬਿਨਸਨਹਾਰਾ ਹੈ ।"

ਜ਼ਾਹਿਰ ਹੈ ਕਿ ਅਰਥਾਂ ਨਾਲ ਖਿੱਚ-ਧੂਹ ਕੀਤੀ ਗਈ ਹੈ । ਸਿੰਘ ਸਾਹਿਬ ਜੀ ਨੇ ਦੋ ਲਫ਼ਜ਼ਾਂ 'ਬਨ' ਤੇ 'ਸੇ' ਨੂੰ ਇੱਕ ਲਫ਼ਜ਼ ਮੰਨ ਕੇ 'ਬਨਸੇ' ਕਰ ਦਿੱਤਾ ਹੈ ਤੇ ਇਸ ਦਾ ਅਰਥ 'ਬਿਨਸਨਹਾਰਾ' ਕੀਤਾ ਹੈ, ਹਾਲਾਂਕਿ ਅਜਿਹਾ

---

[8] ਪਉੜੀ ੩੮, ਵਾਰ ਪਹਿਲੀ ।

ਕਰ ਕੇ ਵੀ ਇਸ ਸ਼ਬਦ ਨੂੰ ਉਹ ਆਪਣੇ ਵੀਚਾਰ ਦੀ ਪ੍ਰੋੜ੍ਹਤਾ ਵਜੋਂ ਵਰਤਣ ਵਿੱਚ ਅਸਫਲ ਹੀ ਰਹੇ ਹਨ। ਇਸ ਸ਼ਬਦ ਦੇ ਰਚਨਾਕਾਰ ਗੁਰੂ ਗੋਬਿੰਦ ਸਿੰਘ ਜੀ ਖ਼ੁਦ ਗ੍ਰਿਹਸਥ ਮਾਰਗ ਦੇ ਧਾਰਨੀ ਸਨ। ਉਨ੍ਹਾਂ ਦੀ ਬਾਣੀ ਨੂੰ ਗ੍ਰਿਹਸਥ-ਮਾਰਗ ਦੀ ਨਿਖੇਧੀ ਵਜੋਂ ਕਿਸੀ ਵੀ ਯੁਕਤੀ ਨਾਲ ਵਰਤਿਆ ਨਹੀਂ ਜਾ ਸਕਦਾ।

ਇਸ ਸ਼ਬਦ ਵਿੱਚ ਯੋਗੀਆਂ ਨਾਲ ਸੰਬੰਧਿਤ ਸ਼ਬਦਾਵਲੀ ਦਿੱਤੀ ਗਈ ਹੈ, ਜਿਵੇਂ ਕਿ ਬਨ (ਜੰਗਲ), ਉਦਾਸੀ, ਜਟਾ, ਮਜਨ (ਤੀਰਥ ਇਸ਼ਨਾਨ), ਨਖਨ (ਨਾਖੁਨ/ਨਹੁੰ), ਬਿਭੂਤ (ਸੁਆਹ/ਰਾਖ)। ਗੁਰੂ ਸਾਹਿਬ ਜੀ ਨੇ ਇਨ੍ਹਾਂ ਦਾ ਖੰਡਨ ਕਰਦੇ ਹੋਏ, ਇਨ੍ਹਾਂ ਦੀ ਥਾਂ 'ਤੇ ਆਪਣੇ ਵਿਕਲਪ (ਸਬਸਟੀਚਿਊਟ) ਦਿੱਤੇ ਹਨ। 'ਬਨ' ਵਿੱਚ ਰਹਿਣ ਦੀ ਥਾਂ 'ਸਦਨ' (ਘਰ) ਵਿੱਚ ਰਹਿਣਾ (ਬਨ ਸੇ ਸਦਨ ਸਬੈ ਕਰ ਸਮਝਹੁ), ਮਨ ਵੱਲੋਂ 'ਉਦਾਸੀ' ਕਰਨੀ (ਮਨ ਹੀ ਮਾਹਿ ਉਦਾਸਾ), 'ਜਤ' ਦੀ ਜਟਾ ਧਾਰਨੀ (ਜਤ ਕੀ ਜਟਾ), ਯੋਗ, ਭਾਵ ਪ੍ਰਭੂ ਨਾਲ ਜੁੜਨ ਨੂੰ ਹੀ ਤੀਰਥ ਇਸ਼ਨਾਨ ਮੰਨਣਾ (ਜੋਗ ਕੋ ਮਜਨੁ), ਨਹੁੰਆਂ ਦੀ ਥਾਂ ਨੇਮ ਵਧਾਉਣਾ/ਧਾਰਨ ਕਰਨਾ (ਨੇਮ ਕੇ ਨਖੁਨ ਬਢਾਓ), ਸਰੀਰ 'ਤੇ ਬਿਭੂਤ ਮਲਣ ਦੀ ਥਾਂ ਪ੍ਰਭੂ ਦੇ ਨਾਮ ਵਿੱਚ ਜੁੜਨਾ (ਨਾਮ ਬਿਭੂਤ ਲਗਾਓ) ਹੀ ਗੁਰਮਤਿ ਦੇ ਕਰਮ ਹਨ।

ਇਸ ਸ਼ਬਦ ਵਿੱਚ ਵਰਤੇ ਲਫ਼ਜ਼ 'ਜਤ' ਨੂੰ ਸਿੰਘ ਸਾਹਿਬ ਜੀ ਨੇ ਬ੍ਰਹਮਚਾਰੀ ਰਹਿਣ ਦੇ ਹੱਕ ਵਿੱਚ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ, ਜੋ ਕਿ ਸ਼ਾਦੀ-ਸ਼ੁਦਾ ਸਨ, ਦੇ ਇਸ ਸਲੋਕ ਵਿੱਚ ਵਰਤੇ ਗਏ ਲਫ਼ਜ਼ 'ਜਤ' ਦਾ ਹਵਾਲਾ ਵੀ ਦਿੱਤਾ ਹੈ : -

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ [੫]

ਅਸਲ ਵਿੱਚ ਲਫ਼ਜ਼ 'ਜਤ' ਦੇ ਅਰਥਾਂ ਨੂੰ ਨਾ ਸਮਝਣ ਕਾਰਣ ਹੀ ਅਜਿਹੇ ਵੀਚਾਰ ਪ੍ਰਚੱਲਿਤ ਹੋ ਗਏ ਹਨ। 'ਜਤ' ਲਫ਼ਜ਼ ਸੰਸਕ੍ਰਿਤ ਦੇ ਲਫ਼ਜ਼ 'ਯਤ' ਦਾ ਅਪਭ੍ਰੰਸ਼ ਰੂਪ ਹੈ। ਇਸ ਦਾ ਅਰਥ ਹੈ, 'ਰੋਕਣਾ'। ਇਸ ਲਫ਼ਜ਼ ਨੂੰ ਇੰਦਰੀਆਂ ਨੂੰ ਵਿਕਾਰਾਂ ਵੱਲੋਂ ਰੋਕਣ ਦੇ ਅਰਥ ਵਿੱਚ ਲਿਆ ਜਾਂਦਾ ਹੈ। ਇਸ ਪ੍ਰਕਾਰ, ਜਤੀ ਜਾਂ ਯਤੀ ਦਾ ਅਰਥ ਹੈ, ਇੰਦਰੀਆਂ ਨੂੰ ਵਿਕਾਰਾਂ ਤੋਂ ਰੋਕਣ ਦਾ ਅਭਿਆਸ ਕਰਨ ਵਾਲਾ ਵਿਅਕਤੀ। ਗ੍ਰਿਹਸਥੀ ਗੁਰਸਿੱਖ, ਜੋ ਆਪਣੀਆਂ ਇੰਦਰੀਆਂ ਨੂੰ ਵਿਕਾਰਾਂ ਤੋਂ ਰੋਕਦਾ ਹੈ, ਵੀ ਜਤੀ ਹੀ ਹੈ। ਭਾਈ ਸਾਹਿਬ ਗੁਰਦਾਸ ਜੀ ਇਸ ਨੂੰ ਇੰਝ ਸਪਸ਼ਟ ਕਰਦੇ ਹਨ : -

ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ। [੬]

---

[੫] ਵਾਰ ਆਸਾ, ਸਲੋਕ, ਮਹਲਾ ੧, ਪੰਨਾ ੪੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੬] ਵਾਰ ੬, ਪਉੜੀ ੮।

ਭਾਈ ਗੁਰਦਾਸ ਜੀ ਰਚਿਤ ਉਪਰੋਕਤ ਪੰਕਤੀ ਤੋਂ ਸਾਫ਼ ਹੋ ਜਾਂਦਾ ਹੈ ਕਿ ਗੁਰਮਤਿ ਵਿੱਚ ਉਸ ਸ਼ਾਦੀ-ਸ਼ੁਦਾ ਵਿਅਕਤੀ ਨੂੰ ਜਤੀ ਕਿਹਾ ਗਿਆ ਹੈ, ਜੋ ਪਰਾਈ ਔਰਤ ਨੂੰ ਆਪਣੀ ਧੀ-ਭੈਣ ਸਮਝਦਾ ਹੈ। 'ਜਤ ਕੀ ਜਟਾ' ਅਤੇ 'ਜਤ ਗੰਢੀ ਸਤ ਵਟ' ਦੀਆਂ ਗੁਰਬਾਣੀ-ਪੰਕਤੀਆਂ ਵਿੱਚ ਵਰਤੇ ਲਫ਼ਜ਼ 'ਜਤ' ਨੂੰ ਇਸੇ ਸੰਦਰਭ ਵਿੱਚ ਦੇਖਣ ਦੀ ਲੋੜ ਹੈ।

ਕਿਉਂਕਿ ਬ੍ਰਹਮਚਾਰੀ ਵਿਅਕਤੀ ਵੀ ਆਪਣੀਆਂ ਇੰਦਰੀਆਂ ਨੂੰ ਵਿਕਾਰਾਂ ਤੋਂ ਰੋਕਣ ਦਾ ਅਭਿਆਸ ਕਰਦਾ ਹੈ, ਇਸ ਲਈ ਬ੍ਰਹਮਚਾਰੀ ਲਈ ਵੀ ਜਤੀ ਲਫ਼ਜ਼ ਵਰਤਿਆ ਜਾਣ ਲੱਗ ਪਿਆ। ਗੁਰਬਾਣੀ ਵਿੱਚ ਬ੍ਰਹਮਚਾਰੀਆਂ ਵੱਲੋਂ ਆਪਣੇ ਆਪ ਨੂੰ ਜਤੀ ਕਹਾਉਣ ਦਾ ਜ਼ਿਕਰ ਆਇਆ ਹੈ : -

ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥
ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥ ੬ ॥
ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥ ੭ ॥ [੭]

ਉਪਰੋਕਤ ਪੰਕਤੀਆਂ ਤੋਂ ਸਿੱਧ ਹੈ ਕਿ ਗੁਰੂ ਸ਼ਬਦ ਤੋਂ ਬਿਨਾਂ ਜਤੀ ਕਹਾਉਣ ਵਾਲੇ ਬ੍ਰਹਮਚਾਰੀ ਭਰਮ ਵਿੱਚ ਫਸੇ ਹੋਏ ਜੰਮਦੇ ਮਰਦੇ ਰਹਿੰਦੇ ਹਨ। ਇਸ ਦੇ ਮੁਕਾਬਲੇ 'ਤੇ ਉਨ੍ਹਾਂ ਗਿਰਹੀ (ਗ੍ਰਿਹਸਥੀ) ਵਿਅਕਤੀਆਂ ਦੀ ਉਪਮਾ ਕੀਤੀ ਗਈ ਹੈ, ਜੋ ਗੁਰਮਤਿ ਦੇ ਧਾਰਨੀ ਹੁੰਦੇ ਹਨ।

ਗ੍ਰਿਹਸਥ ਮਾਰਗ ਦਾ ਤਿਆਗ ਕਰਨ ਵਾਲੇ ਤਾਂ ਪ੍ਰਭੂ ਨਾਲ ਜੁੜਨ ਦੀ ਜੁਗਤੀ ਜਾਣਦੇ ਹੀ ਨਹੀਂ, ਬਸ ਘਰ-ਬਾਰ ਛੱਡ ਬਹਿੰਦੇ ਹਨ : -

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥ [੮]

ਗੁਰਬਾਣੀ ਨੇ ਐਸੇ ਅਖੌਤੀ ਜਤੀ ਉਨ੍ਹਾਂ ਲੋਕਾਂ ਵਿੱਚ ਸ਼ਾਮਿਲ ਗਿਣੇ ਹਨ, ਜੋ ਪ੍ਰਭੂ ਦੀ ਗਤੀ ਨੂੰ ਜਾਣਨ ਦੀ ਕੋਸ਼ਿਸ਼ ਕਰਦੇ-ਕਰਦੇ ਪੱਚ-ਪੱਚ ਕੇ ਹਾਰ ਗਏ : -

ਹਰਿ ਕੀ ਗਤਿ ਨਹਿ ਕੋਊ ਜਾਨੈ ॥ ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥ [੯]

---

[੭] ਆਸਾ ਮਹਲਾ ੧, ਪੰਨਾ ੪੧੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੮] ਸਲੋਕ, ਮ: ੧, ਵਾਰ ਆਸਾ, ਪੰਨਾ ੪੬੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੯] ਰਾਗੁ ਬਿਹਾਗੜਾ ਮਹਲਾ ੯, ਪੰਨਾ ੫੩੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਭਾਈ ਜੋਗਿੰਦਰ ਸਿੰਘ ਜੀ ਦਾ ਇਹ ਵੀ ਕਹਿਣਾ ਹੈ ਕਿ ਬ੍ਰਹਮਚਾਰੀ ਰਹਿਣਾ ਕਠਿਨ ਕੰਮ ਹੈ। ਪਰ ਕਠਿਨ ਤਾਂ ਗ੍ਰਿਹਸਥ ਜੀਵਨ ਵੀ ਬਹੁਤ ਹੈ। ਇੱਕ ਪੂਰੇ ਪਰਿਵਾਰ ਦੀ ਦੇਖ-ਭਾਲ ਕਰਨੀ, ਉਸ ਲਈ ਸਾਧਨ ਇਕੱਠੇ ਕਰਨੇ ਬੜੇ ਔਖੇ ਹਨ। ਕਿਸੇ ਬੱਚੇ ਨੂੰ ਜਨਮ ਦੇਣ ਦੀ ਤਕਲੀਫ਼ ਸਹਿਣੀ ਬ੍ਰਹਮਚਾਰੀ ਰਹਿਣ ਨਾਲੋਂ ਕਿਤੇ ਔਖੀ ਹੈ। ਪਰਿਵਾਰ ਵਿੱਚ ਪੈਦਾ ਹੋਏ ਬੱਚਿਆਂ ਦੀ ਪਰਵਰਿਸ਼ ਕਰਨੀ ਕੋਈ ਸੌਖਾ ਕੰਮ ਨਹੀਂ ਹੈ। ਰੱਬ ਵੱਲੋਂ ਬਖ਼ਸ਼ੇ ਇੱਕ ਨੰਨ੍ਹੇ ਜਿਹੇ ਜੀਵ ਦੀਆਂ ਲੋੜਾਂ ਪੂਰੀਆਂ ਕਰਨੀਆਂ ਕੋਈ ਸੌਖਾ ਨਹੀਂ, ਜੋ ਖ਼ੁਦ ਬੋਲ ਕੇ ਆਪਣੀ ਜ਼ਰੂਰਤ ਦੱਸਣ ਦੇ ਸਮੱਰਥ ਨਹੀਂ ਹੈ। ਕੁੱਝ ਦਿਨਾਂ ਦੇ, ਜਾਂ ਕੁੱਝ ਮਹੀਨਿਆਂ ਦੇ ਬੀਮਾਰ ਬੱਚੇ ਨੂੰ ਦੇਖੋ। ਉਹ ਨਹੀਂ ਦੱਸ ਸਕਦਾ ਕਿ ਉਸ ਨੂੰ ਕੀ ਤਕਲੀਫ਼ ਹੈ। ਫਿਰ ਦੇਖੋ ਉਸ ਬੱਚੇ ਦੀ ਮਾਂ ਨੂੰ, ਜੋ ਵਾਹਿਗੁਰੂ ਵੱਲੋਂ ਦਿੱਤੇ ਗਏ ਆਪਣੇ ਅਬੋਧ ਨੰਨ੍ਹੇ ਜਿਹੇ ਫ਼ਰਿਸ਼ਤੇ ਦਾ ਦੁੱਖ ਸਮਝ ਲੈਂਦੀ ਹੈ। ਅਜਿਹਾ ਉਹ ਇੱਕ-ਦੋ ਦਿਨ ਲਈ ਨਹੀਂ ਕਰਦੀ, ਬਲਕਿ ਲੰਬੇ ਸਮੇਂ ਤਕ ਉਹ ਇਹ ਤੱਪ ਸਾਧਦੀ ਹੈ। ਅਬੋਧ ਬਾਲਕ ਦਾ ਦੁੱਖ ਸਮਝਣਾ, ਨੰਨ੍ਹੇ ਜੀਵ ਦੀ ਲੋੜ ਜਾਣਨਾ ਬੜਾ ਹੀ ਔਖਾ ਕੰਮ ਹੈ। ਇਹ ਕੋਈ ਐਸਾ ਗਿਆਨ ਨਹੀਂ ਹੈ, ਜੋ ਚਾਰ-ਕੁ ਕਿਤਾਬਾਂ ਪੜ੍ਹਨ ਨਾਲ ਪ੍ਰਾਪਤ ਹੋ ਜਾਏਗਾ। ਐਸਾ ਗਿਆਨ ਤਾਂ ਕਿਸੇ ਗ੍ਰਿਹਸਥੀ ਔਰਤ ਨੂੰ ਹੀ ਪ੍ਰਾਪਤ ਹੋ ਸਕਦਾ ਹੈ। ਐਵੇਂ ਤਾਂ ਨਹੀਂ ਭਾਈ ਸਾਹਿਬ ਗੁਰਦਾਸ ਜੀ ਨੇ ਗ੍ਰਿਹਸਥੀ ਔਰਤ (ਮਾਂ) ਦੇ ਉਪਕਾਰ ਗਿਣੇ : -

ਮਾਤ ਪਿਤਾ ਮਿਲਿ ਨਿੰਮਿਆ ਆਸਾਵੰਤੀ ਉਦਰੁ ਮਝਾਰੇ।
ਰਸ ਕਸ ਖਾਇ ਨਿਲਜ ਹੋਇ, ਛੁਹ ਛੁਹ ਧਰਣਿ ਧਰੈ ਅਗ ਧਾਰੇ।
ਪੇਟ ਵਿਚਿ ਦਸ ਮਾਹ ਰਖਿ, ਪੀੜਾ ਖਾਇ ਜਣੈ ਪੁਤੁ ਪਿਆਰੇ।
ਜਣ ਕੈ ਪਾਲੇ ਕਸਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ।
ਗੁੜਤੀ ਦੇਇ ਪਿਆਲਿ ਦੁਧੁ ਘੁਟੀ ਵਟੀ ਦੇਇ ਨਿਹਾਰੇ।
ਛਾਦਨੁ ਭੋਜਨੁ ਪੋਖਿਆ ਭਦਣਿ ਮੰਗਨ ਪੜ੍ਹਨਿ ਚਿਤਾਰੇ।
ਪਾਂਧੇ ਪਾਸਿ ਪੜ੍ਹਾਇਆ, ਖਟਿ ਲੁਟਾਇ ਹੋਇ ਸੁਚਿਆਰੇ।
ਅਰਿਣਤ ਹੋਏ ਭਾਰ ਉਤਾਰੇ ॥੧੦॥ (ਵਾਰ ੩੭)।

ਗਰਭਵਤੀ ਔਰਤ ਔਲਾਦ ਹੋਣ ਦੀ ਆਸ ਕਰਦੀ ਹੈ। ਬੜੀ ਸੰਭਲ-ਸੰਭਲ ਕੇ ਤੁਰਦੀ ਹੈ ਕਿ ਕਿਤੇ ਪੇਟ ਵਿਚਲੇ ਬੱਚੇ ਨੂੰ ਨੁਕਸਾਨ ਨਾ ਹੋਏ। ਅਜਿਹਾ ਉਹ ਕੋਈ ਚਾਲੀ ਦਿਨ ਲਈ ਨਹੀਂ ਕਰਦੀ, ਜਿਵੇਂ ਕਥਿਤ ਬ੍ਰਹਮਚਾਰੀ ਚਾਲੀਹੇ ਕੱਟਦੇ ਫਿਰਦੇ ਹਨ, ਬਲਕਿ ਨੌਂ ਮਹੀਨੇ ਤੱਕ ਉਹ ਅਣ-ਜੰਮੇ ਬੱਚੇ ਦੀ ਸੰਭਾਲ ਕਰਦੀ ਰਹਿੰਦੀ ਹੈ। ਅਨੇਕ ਵਾਰ ਦਰਦ ਸਹਿੰਦੀ ਹੈ ਤੇ ਬੱਚੇ ਨੂੰ ਜਨਮ ਦਿੰਦੀ ਹੈ। ਸਿਰਫ਼ ਬੱਚੇ ਨੂੰ ਜਨਮ ਦੇਣ ਵਿੱਚ ਹੀ ਕਸ਼ਟ ਨਹੀਂ ਹੈ, ਬਲਕਿ ਬੱਚੇ ਦੀ ਪਾਲਣਾ-ਪੋਸ਼ਣਾ ਵੀ ਕਸ਼ਟ ਸਹਿ-ਸਹਿ ਕੇ ਹੀ ਕਰਨੀ ਪੈਂਦੀ ਹੈ। ਖ਼ੁਦ ਵੀ ਖਾਣ-ਪੀਣ ਵਿੱਚ ਸੰਜਮ ਕਰਦੀ ਹੈ, ਕਿਉਂਕਿ ਉਹ ਆਪਣੇ ਬੱਚੇ ਨੂੰ ਦੁੱਧ ਪਿਲਾਉਂਦੀ ਹੈ। ਬੱਚਾ ਰੋਗੀ ਹੋ ਜਾਏ, ਤਾਂ ਉਸ ਦਾ ਇਲਾਜ ਕਰਵਾਉਂਦੀ ਹੈ। ਜਦੋਂ ਬੱਚਾ ਕੁੱਝ ਵੱਡਾ ਹੁੰਦਾ ਹੈ, ਮਾਂ ਉਸ ਨੂੰ ਚੰਗਾ ਭੋਜਨ ਦਿੰਦੀ ਹੈ, ਅੱਛੇ ਕਪੜੇ ਦਿੰਦੀ ਹੈ। ਉਹ ਬੱਚੇ ਨੂੰ ਚੰਗੇ ਅਧਿਆਪਕ ਕੋਲੋਂ ਵਿਦਿਆ ਲੈਣ ਭੇਜਦੀ ਹੈ। ਆਪਣੀ ਕਮਾਈ ਨੂੰ ਆਪਣੇ ਬੱਚੇ ਉੱਤੇ ਲੁਟਾ ਕੇ ਗ੍ਰਿਹਸਥੀ ਲੋਕ (ਮਾਂ-ਬਾਪ) ਸੁੱਚਿਆਰੇ ਹੋ ਜਾਂਦੇ ਹਨ। ਜਿਵੇਂ ਉਨ੍ਹਾਂ ਦੇ

ਮਾਂ-ਬਾਪ ਨੇ ਉਨ੍ਹਾਂ ਨੂੰ ਪਾਲਿਆ ਸੀ, ਉਵੇਂ ਹੀ ਉਹ ਆਪਣੇ ਬੱਚਿਆਂ ਨੂੰ ਪਾਲ-ਪੋਸ ਕੇ ਰਿਣ-ਮੁਕਤ ਹੋ ਜਾਂਦੇ ਹਨ।

ਗ੍ਰਿਹਸਥੀਆਂ ਦੇ ਮੁਕਾਬਲੇ 'ਤੇ ਇੱਕ ਅਖੌਤੀ ਬ੍ਰਹਮਚਾਰੀ ਕੀ ਘਾਲਣਾ ਘਾਲਦਾ ਹੈ ? ਉਹ ਗ੍ਰਿਹਸਥੀਆਂ ਦੇ ਧਨ (ਦਾਨ) ਦੇ ਸਿਰ 'ਤੇ ਆਪਣਾ ਗੁਜ਼ਾਰਾ ਕਰਦਾ ਹੈ। ਗ੍ਰਿਹਸਥੀਆਂ ਵੱਲੋਂ ਦਿੱਤੇ ਚੰਗੇ-ਚੰਗੇ ਪਦਾਰਥ ਛੱਕਦਾ ਹੈ। ਗ੍ਰਿਹਸਥੀਆਂ ਵੱਲੋਂ ਦਿੱਤੇ ਕਪੜੇ ਪਾਉਂਦਾ ਹੈ। ਗ੍ਰਿਹਸਥੀਆਂ ਵੱਲੋਂ ਦਿੱਤੀ ਕਾਰ ਵਿੱਚ ਯਾਤਰਾ ਕਰਦਾ ਹੈ। ਗ੍ਰਿਹਸਥੀਆਂ ਅੱਗੇ ਧਰਮ-ਗ੍ਰੰਥ ਪੜ੍ਹ ਦਿੰਦਾ ਹੈ। ਗ੍ਰਿਹਸਥੀਆਂ ਤੋਂ ਆਪਣੇ-ਆਪ ਨੂੰ ਮੱਥੇ ਟਿਕਵਾਉਂਦਾ ਹੈ। ਅਤੇ, ਗ੍ਰਿਹਸਥ ਜੀਵਨ ਨੂੰ ਮਾੜਾ ਦੱਸਦਾ ਹੈ।

ਭੋਜਨ ਇੱਕ ਬ੍ਰਹਮਚਾਰੀ ਵੀ ਕਰਦਾ ਹੈ। ਭੋਜਨ ਇੱਕ ਗਰਭਵਤੀ ਗ੍ਰਿਹਸਥੀ ਔਰਤ ਵੀ ਕਰਦੀ ਹੈ। ਦੋਹਾਂ ਵਿੱਚ ਕੋਈ ਫ਼ਰਕ ਹੈ ? ਹਾਂ ਹੈ। ਬ੍ਰਹਮਚਾਰੀ ਕੇਵਲ ਆਪਣਾ ਹੀ ਢਿੱਡ ਭਰਣ ਲਈ ਭੋਜਨ ਕਰਦਾ ਹੈ, ਜਦਕਿ ਗਰਭਵਤੀ ਗ੍ਰਿਹਸਥੀ ਔਰਤ ਆਪਣੇ ਗਰਭ ਵਿੱਚਲੇ ਬੱਚੇ ਲਈ ਭੋਜਨ ਕਰਦੀ ਹੈ। ਗਰਭ ਵਿੱਚਲੇ ਬੱਚੇ ਦੀ ਸਿਹਤ ਨੂੰ ਮੁੱਖ ਰੱਖ ਕੇ ਉਹ ਅਜਿਹਾ ਭੋਜਨ ਵੀ ਕਰਦੀ ਹੈ, ਜੋ ਉਸ ਨੂੰ ਸੁਆਦਲਾ ਨਹੀਂ ਲੱਗਦਾ। ਗਰਭ ਵਿੱਚਲੇ ਬੱਚੇ ਦੀ ਸਿਹਤ ਨੂੰ ਮੁੱਖ ਰੱਖ ਕੇ ਉਹ ਅਜਿਹਾ ਭੋਜਨ ਵੀ ਤਿਆਗ ਦਿੰਦੀ ਹੈ, ਜੋ ਉਸ ਦਾ ਮਨ-ਪਸੰਦ ਹੁੰਦਾ ਹੈ। ਬ੍ਰਹਮਚਾਰੀ ਉਹੀ ਪਦਾਰਥ ਛੱਕਦਾ ਹੈ, ਜੋ ਉਸ ਦੀ ਸਿਹਤ ਲਈ ਚੰਗਾ ਹੈ। ਗਰਭਵਤੀ ਗ੍ਰਿਹਸਥੀ ਔਰਤ ਉਹੀ ਪਦਾਰਥ ਛੱਕਦੀ ਹੈ, ਜੋ ਉਸ ਦੇ ਗਰਭ ਵਿੱਚਲੇ ਬੱਚੇ ਦੀ ਸਿਹਤ ਲਈ ਠੀਕ ਹੈ। ਮਨ-ਪਸੰਦ ਭੋਜਨ ਕੌਣ ਪ੍ਰਾਪਤ ਕਰ ਰਿਹਾ ਹੈ, ਕਥਿਤ ਬ੍ਰਹਮਚਾਰੀ ਕਿ ਇਹ ਗ੍ਰਿਹਸਥੀ ਔਰਤ ? ਤਿਆਗ ਕੌਣ ਕਰ ਰਿਹਾ ਹੈ, ਕਥਿਤ ਬ੍ਰਹਮਚਾਰੀ ਕਿ ਇਹ ਗ੍ਰਿਹਸਥੀ ਔਰਤ ? ਔਖਾ ਜੀਵਨ ਕੌਣ ਜੀ ਰਿਹਾ ਹੈ, ਅਖੌਤੀ ਬ੍ਰਹਮਚਾਰੀ ਕਿ ਇਹ ਗ੍ਰਿਹਸਥੀ ਔਰਤ ?

ਜਦੋਂ ਕੋਈ ਗ੍ਰਿਹਸਥੀ ਆਪਣੇ ਬੱਚੇ ਦਾ ਪਾਲਣ-ਪੋਸ਼ਣ ਕਰਦਾ ਹੈ, ਤਾਂ ਉਹ ਉਸ ਨੂੰ ਕੇਵਲ ਭੋਜਨ ਆਦਿ ਹੀ ਨਹੀਂ ਦੇ ਰਿਹਾ ਹੁੰਦਾ, ਬਲਕਿ ਉਸ ਬੱਚੇ ਦਾ ਪੂਰਾ ਭਵਿੱਖ ਉਸ ਗ੍ਰਿਹਸਥੀ ਦੇ ਹੱਥ ਵਿੱਚ ਹੁੰਦਾ ਹੈ। ਜੇ ਉਹ ਔਕੜਾਂ ਸਹਿ ਕੇ ਵੀ ਉਸ ਬਾਲਕ ਦੀ ਪਾਲਣਾ ਗੁਰੂ ਆਸ਼ੇ ਅਨੁਸਾਰ ਕਰੇਗਾ, ਤਾਂ ਬੱਚਾ ਗੁਰਮੁੱਖ ਬਣ ਸਕਦਾ ਹੈ। ਜੇ ਉਹ ਉਸਨੂੰ ਸਹੀ ਸਿੱਖਿਆ ਨਹੀਂ ਦਏਗਾ, ਤਾਂ ਉਹ ਬੱਚਾ ਵੱਡਾ ਹੋ ਕੇ ਮਨਮੁੱਖ, ਪਤਿਤ, ਕਾਮੀ, ਸ਼ਰਾਬੀ ਆਦਿ ਬਣੇਗਾ। ਵਿਆਹ ਨਾ ਕਰਨ ਨਾਲੋਂ ਮਾਂ-ਬਾਪ ਬਣਨਾ ਬੜਾ ਔਖਾ ਕੰਮ ਹੈ।

ਬ੍ਰਹਮਚਾਰੀ ਨੂੰ ਆਪਣੀ ਤਥਾ-ਕਥਿਤ ਘਾਲਣਾ ਦਾ ਫਲ ਕੀ ਮਿਲਦਾ ਹੈ ? ਲੋਕ ਉਸ ਨੂੰ ਮੱਥੇ ਟੇਕਦੇ ਹਨ। ਗ੍ਰਿਹਸਥੀ ਉਸ ਨੂੰ ਧਨ ਆਦਿ ਦਾ ਦਾਨ ਦਿੰਦੇ ਹਨ। ਉਹ ਆਪਣੇ ਆਪ ਨੂੰ ਜਤੀ, ਸਤੀ, ਸੰਤ, ਮਹਾਤਮਾ ਆਪ ਅਖਵਾ ਕੇ ਖ਼ੁਸ਼ ਹੁੰਦਾ ਹੈ। ਇਸ ਦੇ ਉਲਟ, ਗ੍ਰਿਹਸਥੀ ਲੋਕ ਆਪਣੀ ਕਰੜੀ ਘਾਲਣਾ ਲਈ ਕੋਈ ਧਨ, ਇੱਜ਼ਤ ਆਦਿ ਦਾ ਲਾਭ ਪ੍ਰਾਪਤ ਕਰਨ ਦੀ ਉਮੀਦ ਨਹੀਂ ਕਰ ਸਕਦੇ। ਜਿਨ੍ਹਾਂ ਪੁੱਤਰਾਂ ਲਈ ਉਹ ਘਾਲਣਾ ਘਾਲਦੇ ਹਨ, ਉਹ ਮਾਂ-ਬਾਪ ਦੇ ਉਪਕਾਰ ਵਿਸਾਰ ਕੇ ਕੁ-ਪੁੱਤਰ ਬਣ ਜਾਂਦੇ ਹਨ। ਕੋਈ ਵਿਰਲਾ ਹੀ ਸ਼ਰਵਣ ਵਰਗਾ ਹੀਰਾ ਪੁੱਤਰ ਬਣਦਾ ਹੈ : -

ਲਖ ਉਪਕਾਰੁ ਵਿਸਾਰਿ ਕੈ ਪੁਤ ਕੁਪੁਤਿ ਚਕੀ ਉਠਿ ਝੋਈ।
ਹੋਵੈ ਸਰਵਣ ਵਿਰਲਾ ਕੋਈ ॥੧੧॥ (ਭਾਈ ਗੁਰਦਾਸ ਜੀ, ਵਾਰ ੧੧)।

ਅਤੇ,

ਵਖ ਹੋਵੈ ਪੁਤੁ ਰੰਨਿ ਲੈ ਮਾਂ ਪਿਉ ਦੇ ਉਪਕਾਰੁ ਵਿਸਾਰੇ। (ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੧੨)।

ਅਜਿਹੇ ਲੋਕਾਂ ਦੀ ਕਮੀ ਨਹੀਂ, ਜੋ ਮਾਂ-ਬਾਪ ਦਾ ਤਿਆਗ ਕਰਕੇ ਧਾਰਮਿਕ ਆਗੂ ਬਣ ਜਾਂਦੇ ਹਨ ਤੇ ਧਰਮ-ਗ੍ਰੰਥਾਂ ਦਾ ਪਠਨ-ਪਾਠਨ ਕਰਦੇ ਹਨ। ਅਜਿਹੇ ਲੋਕਾਂ ਦੀ ਕਮੀ ਨਹੀਂ, ਜੋ ਮਾਂ-ਬਾਪ ਦਾ ਤਿਆਗ ਕਰਕੇ ਤਪ ਕਰਦੇ ਫਿਰਦੇ ਹਨ। ਅਜਿਹੇ ਲੋਕਾਂ ਦੀ ਕਮੀ ਨਹੀਂ, ਜੋ ਮਾਂ-ਬਾਪ ਦਾ ਤਿਆਗ ਕਰਕੇ ਦੇਵ-ਪੂਜਾ ਕਰਦੇ ਹਨ। ਅਜਿਹੇ ਲੋਕਾਂ ਦੀ ਕਮੀ ਨਹੀਂ, ਜੋ ਮਾਂ-ਬਾਪ ਦਾ ਤਿਆਗ ਕਰਕੇ ਤੀਰਥ ਇਸ਼ਨਾਨ ਕਰਦੇ ਹਨ। ਅਜਿਹੇ ਲੋਕਾਂ ਦੀ ਕਮੀ ਨਹੀਂ, ਜੋ ਮਾਂ-ਬਾਪ ਦਾ ਤਿਆਗ ਕਰਕੇ ਦਾਨ ਕਰਦੇ ਹਨ। ਅਜਿਹੇ ਲੋਕਾਂ ਦੀ ਕਮੀ ਨਹੀਂ, ਜੋ ਮਾਂ-ਬਾਪ ਦਾ ਤਿਆਗ ਕਰਕੇ ਵਰਤ ਆਦਿਕ ਰੱਖਦੇ ਹਨ।

ਪਰ, ਮਾਂ-ਬਾਪ ਦਾ ਤਿਆਗ ਕਰਕੇ ਵੇਦ ਸੁਣਨ ਵਾਲਾ ਵੇਦਾਂ ਦੀਆਂ ਕਹਾਣੀਆਂ ਦਾ ਭੇਦ ਨਹੀਂ ਸਮਝਦਾ। ਮਾਂ-ਬਾਪ ਦਾ ਤਿਆਗ ਕਰਕੇ ਤਪ ਕਰਨ ਵਾਲਾ ਭੁੱਲਾ ਹੋਇਆ ਉਜਾੜ ਬੀਆਬਾਨ ਵਿੱਚ ਫਿਰਦਾ ਹੈ। ਮਾਂ-ਬਾਪ ਦਾ ਤਿਆਗ ਕਰਕੇ ਦੇਵ-ਪੂਜਾ ਕਰਨ ਵਾਲਾ ਕੋਈ ਫਲ ਪ੍ਰਾਪਤ ਨਹੀਂ ਕਰਦਾ। ਮਾਂ-ਬਾਪ ਦਾ ਤਿਆਗ ਕਰਕੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਨ ਵਾਲਾ ਘੁੰਮਣਵਾਣੀ ਵਿੱਚ ਫੱਸਿਆ ਰਹਿੰਦਾ ਹੈ, ਭਾਵ ਜਨਮ-ਮਰਣ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ। ਮਾਂ-ਬਾਪ ਦਾ ਤਿਆਗ ਕਰਕੇ ਦਾਨ ਕਰਨ ਵਾਲਾ ਅਗਿਆਨੀ ਜੀਵ ਬੇਈਮਾਨ ਹੈ। ਮਾਂ-ਬਾਪ ਦਾ ਤਿਆਗ ਕਰਕੇ ਵਰਤ ਧਾਰਣ ਕਰਨ ਵਾਲਾ ਭਰਮ ਵਿੱਚ ਭੁੱਲਿਆ ਵਾਰ-ਵਾਰ ਜੰਮਦਾ-ਮਰਦਾ ਰਹਿੰਦਾ ਹੈ। ਅਜਿਹੇ ਵਿਅਕਤੀ ਨੇ ਗੁਰੂ ਪਰਮੇਸ਼ਵਰ ਦੀ ਸਾਰ ਨਹੀਂ ਜਾਣੀ : -

ਮਾਂ ਪਿਉ ਪਰਹਰਿ ਸੁਣੈ ਵੇਦੁ, ਭੇਦੁ ਨ ਜਾਣੈ ਕਹਾਣੀ।
ਮਾਂ ਪਿਉ ਪਰਹਰਿ ਕਰੈ ਤਪੁ, ਵਣਖੰਡਿ ਭੁਲਾ ਫਿਰੈ ਬਿਬਾਣੀ।
ਮਾਂ ਪਿਉ ਪਰਹਰਿ ਕਰੈ ਪੂਜੁ, ਦੇਦੀ ਦੇਵ ਨ ਸੇਵ ਕਮਾਣੀ।
ਮਾਂ ਪਿਉ ਪਰਹਰਿ ਨਾਵਣਾ ਅਠਸਠਿ ਤੀਰਥ ਘੁੰਮਣਵਾਣੀ।
ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।
ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੇ ਭਰਮਿ ਭੁਲਾਣੀ।
ਗੁਰੁ ਪਰਮੇਸਰੁ ਸਾਰੁ ਨ ਜਾਣੀ ॥੧੩॥ (ਭਾਈ ਗੁਰਦਾਸ ਜੀ, ਵਾਰ ੩੭)।

ਜੇ ਕੋਈ ਵਿਅਕਤੀ ਅਖੌਤੀ ਬ੍ਰਹਮਚਾਰੀ ਬਣ ਕੇ ਕਿਸੇ ਧਰਮ-ਅਸਥਾਨ ਵਿੱਚ ਜਾ ਬੈਠਣਾ ਚਾਹੇ, ਤਾਂ ਨਿਸ਼ਚਿਤ ਰੂਪ ਵਿੱਚ ਉਹ ਆਪਣੇ ਮਾਂ-ਬਾਪ ਦਾ ਤਿਆਗ ਕਰ ਕੇ ਹੀ ਅਜਿਹਾ ਕਰ ਸਕਦਾ ਹੈ ।

ਸਿੰਘ ਸਾਹਿਬ ਜੋਗਿੰਦਰ ਸਿੰਘ ਜੀ ਨੇ ਲਿੱਖਿਆ ਹੈ, "ਸੁਣਿਨ ਵਿਚ ਆਯਾ ਹੈ ਕਿ ਗੁਰੂ ਸਾਹਿਬ ਜੀ ਦੇ ਪੰਜ ਪਿਆਰੇ ਭਾਈ ਦਯਾ ਸਿੰਘ ਜੀ ਧਰਮ ਸਿੰਘ ਜੀ ਆਦਿਕ ਬ੍ਰਹਮਚਾਰੀ ਹੋਏ ਹਨ, ਕਿਉਂਕਿ ਜਿਸ ਦਿਨ ਤੋਂ ਉਨ੍ਹਾਂ ਨੇ ਸੀਸ ਭੇਟਾ ਕੀਤਾ ਸਨ, ਉਸ ਤੋਂ ਬਾਦ ਕੋਈ ਪ੍ਰਸੰਗ ਸੁਣਿਨ ਵਿਚ ਨਹੀਂ ਆਇਯਾ ਕਿ ਉਹ ਘਰ ਵਾਪਸ ਗਏ, ਅਪਨੇ ਪ੍ਰਵਾਰ ਨੂੰ ਮਿਲੇ, ਯਾ ਉਨ੍ਹਾਂ ਦਾ ਪ੍ਰਵਾਰ ਗੁਰੂ ਸਾਹਿਬ ਪਾਸ ਦਰਸਨਾਂ ਨੂੰ ਆਇਯਾ । ਅਗਰ ਪੰਜ ਪਿਆਰੇ ਗ੍ਰਿਹਿਸਤੀ ਹੁੰਦੇ, ਤਾਂ ਗੁਰੂ ਸਾਹਿਬ ਜ਼ਰੂਰ ਆਗਿਯਾ ਦੇਂਦੇ ਕਿ ਜਾਉ, ਅਪਨੇ ਪ੍ਰਵਾਰ ਦੀ ਖ਼ਬਰ ਲੈ ਆਓ ਵ ਮਿਲ ਆਓ । ਪੰਜ ਪਿਆਰਿਆਂ ਨੂੰ ਇਤਨੀ ਫ਼ੁਰਸਤ ਨਹੀਂ ਸੀ, ਜੋ ਕਿ ਓਹ ਘਰ ਬਾਰ ਦੀ ਖ਼ਬਰ ਲੈਂਦੇ ।"

ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਗ੍ਰਿਹਸਥੀ ਸਨ । ਦੋਵੇਂ ਬਾਲ-ਬੱਚੇਦਾਰ ਸਨ । ਭਾਈ ਦਇਆ ਸਿੰਘ ਜੀ ਦਾ ਵੰਸ਼ ਹੁਣ ਤੱਕ ਚਲਦਾ ਆ ਰਿਹਾ ਹੈ । ਖ਼ਾਲਸਾ ਪੰਥ ਦੇ ੩੦੦ ਸਾਲਾ ਸਾਜਨਾ ਦਿਵਸ ਦੇ ਮੌਕੇ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਦਇਆ ਸਿੰਘ ਜੀ ਦੇ ਵੰਸ਼ਜਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਸੀ ।

ਸਰਦਾਰ ਬਹਾਦੁਰ ਕਾਨ੍ਹ ਸਿੰਘ ਨਾਭਾ ਨੇ ਆਪਣੇ ਗ੍ਰੰਥ 'ਮਹਾਨ ਕੋਸ਼' ਵਿੱਚ ਭਾਈ ਠਾਕੁਰ ਸਿੰਘ ਦੀ ਪੁਸਤਕ 'ਗੁਰਦੁਆਰੇ ਦਰਸ਼ਨ' ਦੇ ਹਵਾਲੇ ਨਾਲ ਜੋ ਜਾਣਕਾਰੀ ਦਿੱਤੀ ਹੈ, ਉਸ ਅਨੁਸਾਰ ਵੀ ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਸ਼ਾਦੀ-ਸ਼ੁਦਾ ਅਤੇ ਸੰਤਾਨ ਵਾਲੇ ਸਨ । (ਦੇਖੋ, 'ਪੰਜ ਪਿਆਰੇ', ਮਹਾਨ ਕੋਸ਼) ।

ਇਸ ਪ੍ਰਕਾਰ, ਅਸੀਂ ਇਸ ਨਤੀਜੇ 'ਤੇ ਪੁੱਜਦੇ ਹਾਂ ਕਿ ਸਿੰਘ ਸਾਹਿਬ ਜੋਗਿੰਦਰ ਸਿੰਘ ਜੀ ਕੋਲ ਇਸ ਸੰਬੰਧੀ ਸਹੀ ਜਾਣਕਾਰੀ ਮੌਜੂਦ ਨਹੀਂ ਸੀ ।

ਭਾਈ ਜੋਗਿੰਦਰ ਸਿੰਘ ਜੀ ਨੇ ਇਹ ਵੀ ਦਲੀਲ ਦਿੱਤੀ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦੇ ਮੁੱਖ ਪੁਜਾਰੀ ਜੀ ਨੂੰ ਗ੍ਰਿਹਸਥ ਦੇ ਕੰਮ ਕਰਨ ਦੀ ਫ਼ੁਰਸਤ ਨਹੀਂ ਹੈ ।

ਸਿੰਘ ਸਾਹਿਬ ਜੀ ਦਾ ਅਜਿਹਾ ਕਹਿਣਾ ਵੀ ਤਰਕ ਦੀ ਕਸੌਟੀ 'ਤੇ ਪੂਰਾ ਨਹੀਂ ਉਤਰਦਾ । ਜੇ ਬਾਕੀ ਤਖ਼ਤਾਂ ਦੇ ਜੱਥੇਦਾਰ ਗ੍ਰਿਹਸਥੀ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਵੀ ਆਪਣੇ ਧਾਰਮਿਕ ਫ਼ਰਜ਼ ਪੂਰੇ ਕਰ ਸਕਦੇ ਹਨ, ਤਾਂ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਜੱਥੇਦਾਰ ਸਾਹਿਬ ਵੀ ਅਜਿਹਾ ਕਰ ਸਕਦੇ ਹਨ । ਭਾਈ ਸਾਹਿਬ ਮਨੀ ਸਿੰਘ ਜੀ ਇੱਕ ਗ੍ਰਿਹਸਥੀ ਸਿੰਘ ਸਨ । ਉਸ ਅਤਿਅੰਤ ਬਿਖੜੇ ਸਮੇਂ ਵਿੱਚ ਵੀ ਭਾਈ ਮਨੀ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਜੀ ਦੀ ਸੇਵਾ-ਸੰਭਾਲ ਦੀ ਪੂਰੀ ਜ਼ਿੰਮੇਵਾਰੀ ਨਿਭਾਈ ਸੀ । ਆਪ ਜੀ ਨੇ ਬੜੀ ਮਿਹਨਤ ਕਰਕੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਸੰਪਾਦਨਾ ਕੀਤੀ

। ਗੁਰਸਿੱਖੀ ਦੀ ਸ਼ਾਨਦਾਰ ਮਿਸਾਲ ਪੇਸ਼ ਕਰਦਿਆਂ ਭਾਈ ਸਾਹਿਬ ਜੀ ਨੇ ਬੰਦ-ਬੰਦ ਕਟਾ ਕੇ ਸ਼ਹੀਦੀ ਦਿੱਤੀ । ਜੇ ਗ੍ਰਿਹਸਥੀ ਜੀਵਨ ਇੰਨੇ ਔਖੇ ਸਮੇਂ ਵਿੱਚ ਉਨ੍ਹਾਂ ਦੇ ਧਾਰਮਿਕ ਫ਼ਰਜ਼ਾਂ ਵਿੱਚ ਰੁਕਾਵਟ ਨਹੀਂ ਬਣਿਆ, ਤਾਂ ਹੁਣ ਦੇ ਸੌਖੇ ਸਮੇਂ ਵਿੱਚ ਗ੍ਰਿਹਸਥ ਜੀਵਨ ਕਿਵੇਂ ਰੁਕਾਵਟ ਬਣ ਸਕਦਾ ਹੈ ? ਅਜੋਕੇ ਸਮੇਂ ਵਿੱਚ ਨਾ ਕਿਸੇ ਜੱਥੇਦਾਰ ਨੂੰ ਇੰਨੀ ਮਿਹਨਤ ਕਰਨੀ ਪਈ ਹੈ ਤੇ ਨਾ ਹੀ ਕਿਸੇ ਨੂੰ ਸ਼ਹੀਦੀ ਦੇਣ ਦੀ ਜ਼ਰੂਰਤ ਪਈ ਹੈ ।

ਇਸ ਪੂਰੀ ਵੀਚਾਰ ਤੋਂ ਅਸੀਂ ਸਹਿਜੇ ਹੀ ਇਹ ਸਿੱਟਾ ਕੱਢ ਸਕਦੇ ਹਾਂ ਕਿ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਨੇ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਜੱਥੇਦਾਰ (ਮੁੱਖ ਪੁਜਾਰੀ) ਜੀ ਦੇ ਬ੍ਰਹਮਚਾਰੀ ਹੋਣ ਬਾਰੇ ਜੋ ਦਲੀਲਾਂ ਦਿੱਤੀਆਂ ਹਨ, ਉਹ ਤਰਕ ਦੀ ਕਸੌਟੀ 'ਤੇ ਪੂਰੀਆਂ ਨਹੀਂ ਉਤਰਦੀਆਂ । ਨਾਲ ਹੀ ਨਾਲ, ਅਜਿਹੀਆਂ ਦਲੀਲਾਂ ਅਧੂਰੀ ਜਾਣਕਾਰੀ ਦਾ ਪ੍ਰਗਟਾਵਾ ਵੀ ਕਰਦੀਆਂ ਹਨ ।